# ਛੋਟੇ ਬੱਚਿਆਂ ਲਈ ਹੈਪਾਟਾਇਟਿਸ ਬੀ ਦੇ ਟੀਕੇ

ਇਹ ਟੀਕੇ ਉਨ੍ਹਾਂ ਬੱਚਿਆਂ ਲਈ ਹਨ ਜਿਨ੍ਹਾਂ ਦੀਆਂ ਮਾਂਵਾਂ ਨੂੰ ਜਨਮ ਤੋਂ ਪਹਿਲਾਂ ਹੈਪਾਟਾਇਟਿਸ ਬੀ ਦੀ ਬਿਮਾਰੀ ਸੀ।

## ਹੈਪਾਟਾਇਟਿਸ ਬੀ ਕਿਸ ਨੂੰ ਆਖਦੇ ਹਨ?

ਹੈਪਾਟਾਇਟਿਸ ਬੀ ਜਿਗਰ ਦੀ ਛੂਤ ਦੀ ਬਿਮਾਰੀ ਹੈ। ਇਹ ਇਕ ਜ਼ਹਿਰੀਲੇ ਮਾਦੇ ਤੋਂ ਹੁੰਦੀ ਹੈ। ਜਿਨ੍ਹਾਂ ਨੂੰ ਇਹ ਬਿਮਾਰੀ ਹੁੰਦੀ ਹੈ, ਉਨ੍ਹਾਂ ਵਿੱਚੋਂ ਜ਼ਿਆਦਾਤਰ ਤਾਂ ਪੂਰੀ ਤਰਾਂ ਠੀਕ ਹੋ ਜਾਂਦੇ ਹਨ। ਪਰ ਕਈ ਲੋਕਾਂ ਵਿਚ ਇਹ ਛੂਤ ਸਾਰੀ ਉਮਰ ਰਹਿੰਦਾ ਹੈ, ਉਨ੍ਹਾਂ ਨੂੰ "ਕੈਰਿਅਰ" (carrier) ਜਾਂ ਫੈਲਾਣ ਵਾਲੇ ਵਿਅਕਤੀ ਆਖਦੇ ਹਨ।

ਅਜੇਹੇ ਵਿਅਕਤੀ ਇਹ ਰੋਗ ਸੰਚਾਰ ਦੂਸਰੇ ਲੋਕਾਂ ਨੂੰ ਦੇ ਸਕਦੇ ਹਨ। ਅਜੇਹੇ ਵਿਅਕਤੀਆਂ ਦਾ ਜਿਗਰ ਖਰਾਬ ਹੋ ਜਾਂਦਾ ਹੈ ਜਾਂ ਉਨ੍ਹਾਂ ਨੂੰ ਜਿਗਰ ਦਾ ਕੈਂਸਰ ਹੋ ਜਾਂਦਾ ਹੈ।

## ਕੀ ਹੈਪਾਟਾਇਟਿਸ ਬੀ ਮੇਰੇ ਬੱਚੇ ਨੂੰ ਹੋ ਸਕਦਾ ਹੈ?

ਜੀ ਹਾਂ। ਜਿਨ੍ਹਾਂ ਬੱਚਿਆਂ ਦੀਆਂ ਮਾਂਵਾਂ ਨੂੰ ਇਹ ਬਿਮਾਰੀ ਜਨਮ ਦੇਣ ਦੇ ਵਕਤ ਹੁੰਦੀ ਹੈ, ਉਹ ਬੱਚੇ ਵੀ ਇਸ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਹੋ ਸਕਦਾ ਹੈ ਕਿ ਉਹ ਵੀ ਇਸ ਨੂੰ ਫੈਲਾਣ ਵਾਲੇ ਬਣ ਜਾਣ। ਆਨਟੇਰਿਓ ਵਿਚ ਡਾਕਟਰ ਸਾਰੀਆਂ ਗਰਭਵਤੀ ਮਹਿਲਾਵਾਂ ਦੀ ਇਸ ਬਿਮਾਰੀ ਲਈ ਜਾਂਚ (ਟੈਸਟ) ਕਰਦੇ ਹਨ। ਜੇਕਰ ਤੁਹਾਨੂੰ ਇਹ ਬਿਮਾਰੀ ਹੈ, ਤਾਂ ਤੁਹਾਡੇ ਬੱਚੇ ਦਾ ਟੀਕੇ ਲਗਾ ਕੇ ਇਸ ਤੋਂ ਬਚਾਓ ਹੋ ਸਕਦਾ ਹੈ।

## ਮੇਰੇ ਬੱਚੇ ਨੂੰ ਹੈਪਾਟਾਇਟਿਸ ਬੀ ਦਾ ਟੀਕਾ ਕਦੋਂ ਲਗਵਾਣਾ ਚਾਹੀਦਾ ਹੈ?

ਜੇਕਰ ਤੁਸੀਂ ਇਸ ਬਿਮਾਰੀ ਨੂੰ ਫੈਲਾਣ ਵਾਲੇ ਸਮਝੇ ਜਾਂਦੇ ਹੋ ਤਾਂ ਤੁਹਾਡੇ ਬੱਚੇ ਨੂੰ ਇਕ ਟੀਕਾ ਜਨਮ ਦੇ ਵਕਤ ਦਿਤਾ ਜਾਵੇਗਾ, ਅਤੇ ਇਕ ਹੋਰ ਟੀਕਾ ਜਦੋਂ ਉਹ ੧ ਮਹੀਨੇ ਦਾ ਹੋ ਜਾਵੇਗਾ। ਤੀਸਰਾ ਟੀਕਾ ਉਸ ਨੂੰ ੬ ਮਹੀਨੇ ਦੀ ਉਮਰ ਵਿਚ ਲਗਾਇਆ ਜਾਵੇਗਾ। ਇਕ ਵਿਸ਼ੇਸ਼ ਟੀਕਾ ਜਿਸ ਨੂੰ "ਇਮਯੂਨ ਗਲੋਬਯੁਲਿਨ" (immune globulin) ਆਖਦੇ ਹਨ, ਉਹ ਵੀ ਬੱਚੇ ਨੂੰ ਜਨਮ ਦੇ ਵਕਤ ਲਗਾਇਆ ਜਾਂਦਾ ਹੈ।

## ਇਨ੍ਹਾਂ ਟੀਕਿਆਂ ਨਾਲ ਮੇਰੇ ਬੱਚੇ ਦਾ ਹੈਪਾਟਾਇਟਿਸ ਬੀ ਤੋਂ ਕਿਨ੍ਹਾਂ ਬਚਾਓ ਹੋ ਸਕਦਾ ਹੈ?

ਇਹ ਤਿੰਨ ਟੀਕੇ ਲਗਾਉਣ ਤੋਂ ਬਾਦ ੧੦ ਵਿਚੋਂ ੯ ਬੱਚਿਆਂ ਦਾ ਬਚਾਓ ਹੋ ਜਾਂਦਾ ਹੈ। ਆਖ਼ਰੀ ਟੀਕੇ ਤੋਂ ਬਾਦ ਆਪਣੇ ਡਾਕਟਰ ਨਾਲ ਬੱਚੇ ਦਾ ਖ਼ੂਨ ਟੈਸਟ ਕਰਵਾਉਣ ਬਾਰੇ ਸਲਾਹ ਕਰੋ। ਇਸ ਜਾਂਚ ਤੋਂ ਪਤਾ ਲਗ ਜਾਂਦਾ ਹੈ ਕਿ ਟੀਕਿਆਂ ਦਾ ਕਿੰਨਾ ਅਸਰ ਹੋਇਆ ਹੈ।

## ਕੀ ਹੈਪਾਟਾਇਟਿਸ ਬੀ ਦੇ ਟੀਕੇ ਸੁੱਰਖ਼ਿਅਤ ਹਨ?

ਜੀ ਹਾਂ। ਕੁੱਛ ਬੱਚਿਆਂ ਨੂੰ ਜਿਥੇ ਟੀਕਾ ਲਗਾਇਆ ਹੈ ਉਸ ਥਾਂ ਤੇ ਥੋੜੀ ਦਰਦ, ਸੋਜ ਜਾਂ ਲਾਲੀ ਹੋ ਸਕਦੀ ਹੈ, ਕੁੱਛ ਨੂੰ ਹਲਕਾ ਬੁਖ਼ਾਰ ਜਾਂ ਪੇਟ ਵਿਚ ਗੜਬੜ ਹੋ ਸਕਦੀ ਹੈ। **ਕਿਸੇ ਵੀ ਦਵਾਈ ਦੇ ਲਾਭ ਅਤੇ ਨੁਕਸਾਨ ਕੀ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**

## ਮੈਂ ਆਪਣੇ ਡਾਕਟਰ ਨਾਲ ਕਦੋਂ ਸੰਪਰਕ ਕਰਾਂ?

ਜੇਕਰ ਟੀਕਾ ਲਗਵਾਉਣ ਤੋਂ ਬਾਦ ਤੁਹਾਡੇ ਬੱਚੇ ਨੂੰ ਹੇਠ ਲਿਖਿਆਂ ਵਿੱਚੋਂ ਕੋਈ ਅਸਰ ਰਹਿੰਦਾ ਹੈ, ਤਾਂ ਤੁਸੀਂ ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਸਾਹ ਲੈਣ ਵਿਚ ਤਕਲੀਫ
- ਛਪਾਕੀ ਜਾਂ ਚਮੜੀ ਤੇ ਲਾਲੀ ਅਤੇ ਖਾਰਿਸ਼
- ਮੂੰਹ ਜਾਂ ਚੇਹਰੇ ਤੇ ਸੋਜ
- ਤੇਜ਼ ਬੁਖਾਰ (੪੦ C ਜਾਂ ੧੦੪ F ਡਿਗਰੀ ਤੋਂ ਵੱਧ)।

## ਕੀ ਮੇਰੇ ਪਰਿਵਾਰ ਵਿਚ ਕਿਸੇ ਹੋਰ ਨੂੰ ਵੀ ਹੈਪਾਟਾਇਟਿਸ ਬੀ ਹੋ ਸਕਦਾ ਹੈ?

ਜੀ ਹਾਂ। ਜੇ ਤੁਸੀਂ ਇਸ ਨੂੰ ਫੈਲਾਣ ਵਾਲੇ ਹੋ ਤਾਂ ਤੁਹਾਡੇ ਪਤੀ ਜਾਂ ਪਤਨੀ ਨੂੰ ਵੀ ਟੀਕੇ ਲਗਵਾਉਣ ਦੀ ਜ਼ਰੂਰਤ ਪਵੇਗੀ। ਤੁਹਾਡੇ ਘਰ ਵਿਚ ਰਹਿ ਰਹੇ ਬਾਕੀ ਲੋਕਾਂ ਨੂੰ ਵੀ ਟੀਕੇ ਦੀ ਜ਼ਰੂਰਤ ਹੈ। ਇਹ ਟੀਕੇ ਬੱਚਿਆਂ, ਜਵਾਨ ਅਤੇ ਬਾਲਗਾਂ, ਸਭ ਦਾ ਹੈਪਾਟਾਇਟਿਸ ਬੀ ਤੋਂ ਬਚਾਓ ਕਰਦੇ ਹਨ।

## ਜੇ ਮੈਨੂੰ ਹੈਪਾਟਾਇਟਿਸ ਬੀ ਦੀ ਦਵਾਈ ਬਾਰੇ ਕੁਛ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਮੈਨੂੰ ਕਿਸ ਨਾਲ ਗਲ ਕਰਨੀ ਚਾਹੀਦੀ ਹੈ?

ਆਪਣੇ ਪਰਿਵਾਰਿਕ ਡਾਕਟਰ ਜਾਂ ਸਥਾਨਕ ਸੇਹਤ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਵਧੇਰੇ ਜਾਣਕਾਰੀ ਲਓ।

## ਇਨ੍ਹਾਂ ਟੀਕਿਆਂ ਦਾ ਰਿਕਾਰਡ

ਬਿਮਾਰੀਆਂ ਦੀ ਰੋਕਥਾਮ ਲਈ ਲਗਦੇ ਟੀਕਿਆਂ ਦਾ ਰਿਕਾਰਡ ਰਖਣ ਲਈ ਇਕ "ਪੀਲਾ ਕਾਰਡ" (Immunization Record Card) ਹੁੰਦਾ ਹੈ। ਜਦੋਂ ਵੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਨਵਾਂ ਟੀਕਾ ਲਗਦਾ ਹੈ ਤਾਂ ਉਹ ਇਸ ਕਾਰਡ ਤੇ ਦਰਜ ਕਰ ਦੇਣਾ ਚਾਹੀਦਾ ਹੈ, ਆਪਣੇ ਡਾਕਟਰ ਤੋਂ ਇਹ ਜ਼ਰੂਰ ਕਰਵਾਓ। ਇਸ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਸੰਭਾਲ ਕੇ ਰਖੋ!